ਪੁਲਿਸ ਰੇਂਜ ਪੱਧਰ ’ਤੇ ਮੋਬਾਇਲ ਟੌਆਇਲਟਸ ਦਾ ਵਿਸ਼ੇਸ਼ ਪ੍ਰਬੰਧ ਕੀਤਾ

ਪੁਲਿਸ ਮੁਲਾਜ਼ਮਾਂ ਦੇ ਨਾਂ ਹੇਠ, ਵੀ ਆਈ ਪੀ ਨੂੰ ਸਹੂਲਤ ਮੁਹੱਈਆ

ਬਠਿੰਡਾ, 16 ਫਰਵਰੀ (ਬੀ ਐੱਸ ਭੁੱਲਰ) ਇਹ ਹਾਕਮਾਂ ਦੀ ਸੁੱਖ ਸਹੂਲਤ ਦੀ ਮਜਬੂਰੀ ਹੈ ਜਾਂ ਵਿਭਾਗ ਦੇ ਨਿਆਰੇਪਨ ਦਾ ਆਲਮ, ਕਿ ਜਿਹਨਾਂ ਕਰਮਚਾਰੀਆਂ ਨੂੰ ਇਸਤੇਮਾਲ ਦਾ ਵੀ ਹੱਕ ਹਾਸਲ ਨਹੀਂ ਉਹਨਾਂ ਦੇ ਨਾਂ ਹੇਠ ਪੰਜਾਬ ਪੁਲਿਸ ਦੀ ਹਰ ਰੇਂਜ ਤੇ ਹੁਣ ਇੱਕ ਇੱਕ ਮੋਬਾਇਲ ਟੌਆਲਿਟ ਦਾ ਵੀ ਉਚੇਚਾ ਪ੍ਰਬੰਧ ਕੀਤਾ ਹੋਇਆ ਹੈ।

ਸਥਾਨਕ ਪੁਲਿਸ ਲਾਈਨ ਵਿਖੇ ਇੱਕ ਅਜਿਹੀ ਮੋਬਾਇਲ ਟੌਆਲਿਟ ਦੇਖ ਕੇ ਹੋਰ ਜਾਂਚ ਪੜਤਾਲ ਕਰਨ ਦੀ ਜਗਿਆਸਾ ਪੈਦਾ ਹੋਈ, ਜਿਸਤੇ ਇਹ ਅੰਕਿਤ ਕੀਤਾ ਹੋਇਆ ਹੈ ਕਿ ਇਹ ਪੁਲਿਸ ਕਰਮਚਾਰੀਆਂ ਦੀ ਵਰਤੋਂ ਵਾਸਤੇ ਹੈ। ਪਤਾ ਲੱਗਾ ਹੈ ਕਿ ਪੰਜਾਬ ਪੁਲਿਸ ਦੇ ਸਾਰੇ ਥਾਨਿਆਂ ਜਾਂ ਪੁਲਿਸ ਲਾਈਨਾਂ ਦੀ ਬਜਾਏ ਅਜਿਹੀਆਂ ਮੋਬਾਇਲ ਟੌਆਲਿਟਸ ਸਿਰਫ ਤੇ ਸਿਰਫ ਹਰ ਪੁਲਿਸ ਰੇਂਜ ਤੱਕ ਹੀ ਸੀਮਤ ਹਨ। ਇਹਨਾਂ ਮੋਬਾਇਲ ਟੌਆਲਿਟਸ ਨੂੰ ਇੱਕ ਅਜਿਹੀ ਹੁੱਕ ਲੱਗੀ ਹੋਈ ਹੈ, ਜਿਸ ਨਾਲ ਟਰੈਕਟਰ ਜੋੜ ਕੇ ਲੋੜੀਂਦੀ ਜਗਾਹ ਤੇ ਲਿਜਾਇਆ ਜਾ ਸਕਦਾ ਹੈ। ਪਤਾ ਲੱਗਾ ਹੈ ਕਿ ਇਹ ਮੁਹਾਲੀ ਦੀ ਕਿਸੇ ਫਰਮ ਤੋਂ ਬਣਵਾਈਆਂ ਗਈਆਂ ਹਨ।

ਇਹ ਜਾਣ ਕੇ ਹੋਰ ਵੀ ਅਚੰਭਾ ਹੋਇਆ ਕਿ ਇਹ ਟੌਆਲਿਟਸ ਐਸ ਡੀ ਐਫ ਸੀ ਬੈਂਕ ਵੱਲੋਂ ਮੁਹੱਈਆ ਕਰਵਾਈ ਗਈ ਹੈ। ਹੁਣ ਅਗਲਾ ਸੁਆਲ ਇਹ ਪੈਦਾ ਹੁੰਦਾ ਹੈ ਕਿ ਐਚ ਡੀ ਐਫ ਸੀ ਨਾਂ ਦੀ ਇਸ ਪ੍ਰਾਈਵੇਟ ਬੈਂਕ ਨੂੰ ਉਹ ਕਿਹੜੀ ਮਜਬੂਰੀ ਸੀ, ਜਿਸਦੇ ਚਲਦਿਆਂ ਉਸਨੂੰ ਪੰਜਾਬ ਪੁਲਿਸ ਦਾ ਬੋਝ ਚੁੱਕਣਾ ਪਿਆ। ਇਸਦਾ ਉੱਤਰ ਦਿੰਦਿਆਂ ਇੱਕ ਜਾਗਰੂਕ ਪੁਲਿਸ ਕਰਮਚਾਰੀ ਨੇ ਦੱਸਿਆ ਕਿ ਅਸਲ ਵਿੱਚ ਇਹ ਪੰਜਾਬ ਪੁਲਿਸ ਦੇ ਅਫ਼ਸਰਾਂ ਦੀ ਮੇਹਰ ਦਾ ਹੀ ਨਤੀਜਾ ਹੈ, ਕਿ ਜਿਹਨਾਂ ਮੁਲਾਜਮਾਂ ਨੂੰ ਕੌਮੀਕ੍ਰਿਤ ਬੈਂਕਾਂ ਚੋਂ ਤਨਖਾਹ ਮਿਲਦੀ ਸੀ, ਗਲ ’ਚ ਗੂਠਾ ਦੇ ਕੇ ਉਹਨਾਂ ਦੇ ਖਾਤੇ ਐਚ ਡੀ ਐਫ ਸੀ ਬੈਂਕ ਵਿੱਚ ਖੁਲ੍ਹਵਾਏ ਗਏ, ਤਾਂ ਕੇ ਇਸ ਨਿੱਜੀ ਅਦਾਰੇ ਨੂੰ ਮੁਨਾਫਾ ਕਮਾਉਣ ਦਾ ਮੌਕਾ ਮੁਹੱਈਆ ਕਰਵਾਇਆ ਜਾ ਸਕੇ। ਕੀ ਪੁਲਿਸ ਕਰਮਚਾਰੀ ਇਹਨਾਂ ਮੋਬਾਇਲ ਟੌਆਲਿਟਸ ਦੀ ਵਰਤੋਂ ਲਈ ਅਧਿਕਾਰਤ ਹਨ, ਇਹ ਜਾਨਣ ਲਈ ਜਦ ਵੱਖ ਵੱਖ ਰੈਂਕਾਂ ਦੇ ਮੁਲਾਜਮਾਂ ਤੇ ਅਫ਼ਸਰਾਂ ਨਾਲ ਸੰਪਰਕ ਕੀਤਾ ਤਾਂ ਬਹੁਤਿਆਂ ਨੂੰ ਇਹਨਾਂ ਦੀ ਹੋਂਦ ਦੀ ਜਾਣਕਾਰੀ ਹੀ ਨਹੀਂ ਸੀ। ਇੱਕ ਜਗਿਆਸੂ ਕਰਮਚਾਰੀ ਵੱਲੋਂ ਕਹੇ ਇਹਨਾਂ ਸਬਦਾਂ ਕਿ ਜਿਹੜੀ ਲਾਲਫੀਤਾਸ਼ਾਹੀ ਦੂਰ ਦੁਰੇਡੇ ਦੀ ਡਿਊਟੀ ਤੇ ਤਾਇਨਾਤ ਹੋਣ ਸਮੇਂ ਉਹਨਾਂ ਦੀ ਰੋਟੀ ਦੇ ਪ੍ਰਬੰਧ ਬਾਰੇ ਵੀ ਸੋਚ ਵਿਚਾਰ ਕਰਨੀ ਮੁਨਾਸਿਬ ਨਹੀਂ ਸੀ ਸਮਝਦੀ, ਉਸ ਵੱਲੋਂ ਚਲਦੀਆਂ ਫਿਰਦੀਆਂ ਟੱਟੀਆਂ ਦੀ ਸੇਵਾ ਮੁਹੱਈਆ ਕਰਵਾਉਣੀ ਸਮਝ ਤੋਂ ਪਰ੍ਹੇ ਦਾ ਵਿਸ਼ਾ ਹੈ, ਨੇ ਡੂੰਘਾਈ ਨਾਲ ਹੋਰ ਜਾਂਚ ਕਰਨ ਦਾ ਜ਼ੁੰਮਾ ਪਾ ਦਿੱਤਾ।

ਜਾਂਚ ਪੜਤਾਲ ਤੋਂ ਪਤਾ ਲੱਗਾ ਹੈ ਕਿ ਜਦੋਂ ਵੀ ਕਿਸੇ ਵੀ ਆਈ ਪੀ ਨੇ ਹੈਲੀਕਪਟਰ ਦੇ ਜਰੀਏ ਪੰਜਾਬ ਦੀ ਕਿਸੇ ਵੀ ਰੇਂਜ ਵਿੱਚ ਆਉਂਣਾ ਹੋਵੇ, ਤਾਂ ਉਦੋਂ ਅਜਿਹੀਆਂ ਮੋਬਾਇਲ ਟੌਆਲਿਟਸ ਨੂੰ ਟਰੈਕਟਰ ਨਾਲ ਖਿੱਚ ਕੇ ਉਹਨਾਂ ਦੀ ਆਮਦ ਤੋਂ ਪਹਿਲਾਂ ਹੀ ਹੈਲੀਪੈਡ ਤੇ ਪਹੁੰਚਾਇਆ ਜਾਂਦਾ ਹੈ, ਜਦ ਦੌਰਾ ਖਤਮ ਕਰਕੇ ਉਹ ਕਿਸੇ ਹੋਰ ਦਿਸ਼ਾ ਵੱਲ ਚਲੇ ਜਾਂਦੇ ਹਨ, ਤਾਂ ਇਹਨਾਂ ਨੂੰ ਸਬੰਧਤ ਪੁਲਿਸ ਲਾਈਨਾਂ ਵਿੱਚ ਲਿਜਾ ਖੜਾ ਕੀਤਾ ਜਾਂਦਾ ਹੈ।

ਪੰਜਾਬ ਪੁਲਿਸ ਦੇ ਅਧਿਕਾਰੀਆਂ ਨੂੰ ਐਚ ਡੀ ਐਫ ਸੀ ਬੈਂਕ ਦੇ ਮੋਢਿਆਂ ਤੇ ਬੋਝ ਪਾ ਕੇ ਅਜਿਹੀ ਜਹਿਮਤ ਕਿਉਂ ਉਠਾਉਣੀ ਪਈ, ਜਦ ਇਸਦੀ ਪੜਤਾਲ ਕੀਤੀ ਤਾਂ ਨਾਂ ਗੁਪਤ ਰੱਖਣ ਦੀ ਸ਼ਰਤ ਤੇ ਇੱਕ ਅਧਿਕਾਰੀ ਨੇ ਦੱਸਿਆ ਕਿ ਚੋਣ ਜਾਬਤਾ ਲਾਗੂ ਹੋਣ ਤੋਂ ਪਹਿਲਾਂ ਮਾਲਵਾ ਖਿੱਤੇ ਦੇ ਦੌਰੇ ਤੇ ਆਉਣ ਵਾਲੇ ਇੱਕ ਵੀ ਆਈ ਪੀ ਨੂੰ ਅਚਨਚੇਤ ਹਾਜਤ ਹੋ ਗਈ, ਰੋਹੀ ਬੀਆਬਾਨ ਵਿੱਚ ਪਖਾਨੇ ਦਾ ਕੋਈ ਤੋੜ ਨਹੀਂ ਸੀ, ਇਸ ਲਈ ਅਧਿਕਾਰੀਆਂ ਨੂੰ ਤੇਜੀ ਨਾਲ ਖੇਤ ਬਣੀ ਕਿਸੇ ਕੋਠੀ ’ਚ ਜਾ ਕੇ ਬਾਥਰੂਮ ਦੀ ਸਫਾਈ ਕਰਵਾਉਣੀ ਪਈ ਤਾਂ ਕਿ ਵੀ ਆਈ ਪੀ ਸਾਹਿਬ ਰਫ਼ਾ ਹਾਜਤ ਹੋ ਜਾਣ। ਉਸ ਮਜਬੂਰੀ ਨੇ ਉਹਨਾਂ ਨੂੰ ਹਰ ਰੇਂਜ ਤੇ ਅਜਿਹੇ ਪ੍ਰਬੰਧ ਕਰਨ ਲਈ ਪਾਬੰਦ ਕੀਤਾ। ਕਿਸੇ ਕਿਸਮ ਦੇ ਕਿੰਤੂ ਪਰੰਤੂ ਤੋਂ ਬਚਣ ਲਈ ਇਹਨਾਂ ਟੌਆਲਿਟਸ ਉੱਪਰ ਇਹ ਪ੍ਰਿੰਟ ਕਰਵਾ ਦਿੱਤਾ ਕਿ ਇਹ ਪੁਲਿਸ ਕਰਮਚਾਰੀਆਂ ਦੀ ਵਰਤੋਂ ਲਈ ਹਨ।

ਝਪਟਮਰਾਂ ਨੇ ਔਰਤ ਤੋਂ ਵਾਲੀਆਂ ਖੋਹੀਆਂ

ਨੂਰਪੁਰ ਬੇਦੀ, 16 ਫਰਵਰੀ (ਬਲਵਿੰਦਰ ਰੈਤ) ਲੰਘੀ ਸ਼ਾਮ ਦੇ 4 ਵਜ਼ੇ ਦੇ ਕਰੀਬ ਮੋਟਰਸਾਈਕਲ ਤੇ ਸਵਾਰ ਦੋ ਅਣਪਛਾਤੇ ਨੌਜਵਾਨਾਂ ਨੇ ਇਕ ਔਰਤ ਨੂੰ ਰਾਸਤਾ ਪੁੱਛਣ ਦੇ ਬਹਾਨੇ ਨਾਲ ਬੁਲਾਉਣ ਉਪਰੰਤ ਝੱਪਟਮਾਰ ਕੇ ਸੋਨੇ ਦੀ ਬਾਲੀ ਖੋਹ ਲਈ ਤੇ ਫਰਾਰ ਹੋ ਗਏ। ਪੀੜਤ ਮਹਿਲਾ ਕਮਲਾ ਦੇਵੀ ਪਤਨੀ ਹੁਸਨ ਸਿੰਘ ਪਿੰਡ ਠਾਣਾ ਨੇ ਪੁਲਸ ਥਾਣਾ ਨੂਰਪੁਰ ਬੇਦੀ ਨੂੰ ਦਿੱਤੀ ਸ਼ਿਕਾਇਤ ’ਚ ਦੱਸਿਆ ਕਿ ਜਦੋਂ ਉਹ ਪਿੰਡ ਭੈਣੀ ਦੇ ਨਜਦੀਕ ਖੇਤਾਂ ਚੋ ਘਾਹ ਵੱਢ ਰਹੀ ਸੀ ਤਾਂ ਦੋ ਨੌਜਵਾਨਾਂ ਨੇ ਉਸ ਨੂੰ ਰਾਸਤਾ ਪੁੱਛਣ ਲਈ ਬੁਲਾਇਆ ਤਾਂ ਝਪਟਮਰਾਂ ਨੇ ਇਕਦੱਮ ਉਸ ਦੇ ਕੰਨ ’ਚ ਪਾਈ ਹੋਈ ਇਕ ਸੋਨੇ ਦੀ ਬਾਲੀ ਨੂੰ ਖੋਹ ਲਿਆ ਤੇ ਦੂਜੀ ਵਾਲੀ ਨੂੰ ਖੋ੍ਹਲਣ ਦੀ ਕੋਸ਼ਿਸ਼ ਕਰਨ ਲੱਗੇ ਤਾਂ ਪੀੜਤ ਔਰਤ ਨੇ ਹੱਥ ’ਚ ਫੜੀ ਦਾਤੀ ਨਾਲ ਅਣਪਛਾਤੇ ਨੌਜਵਾਨਾਂ ਡਰਾਇਆ ਜਿਸ ਕਾਰਨ ਝੱਪਟਮਾਰ ਨੌਜਵਾਨ ਸੋਨੇ ਦੀ ਇਕ ਬਾਲੀ ਹੀ ਲੈ ਕੇ ਫਰਾਰ ਹੋ ਗਏ। ਇਸ ਸਬੰਧੀ ਥਾਣਾ ਨੂਰਪੁਰ ਬੇਦੀ ਦੇ ਪੜਤਾਲ ਕਰ ਰਹੇ ਹੋਲਦਾਰ ਰਾਜ ਕੁਮਾਰ ਨੇ ਦੱਸਿਆ ਕਿ ਉਕਤ ਘਟਨਾ ਸਬੰਧੀ ਤਫਤੀਸ ਜਾਰੀ ਹੈ।

ਸੜਕ ਹਾਦਸੇ ਦੌਰਾਨ ਇੱਕ ਫੱਟੜ, ਤਿੰਨ ਦੀ ਮੌਤ

ਲੁਧਿਆਣਾ, 16 ਫ਼ਰਵਰੀ (ਸਰਬਜੀਤ ਲੁਧਿਆਣਵੀ) : ਵੱਖ-ਵੱਖ ਚਾਰ ਸੜਕ ਹਾਦਸਿਆਂ ’ਚ ਇੱਕ ਵਿਅਕਤੀ ਦੇ ਜ਼ਖ਼ਮੀ ਤੇ ਤਿੰਨਾਂ ਦੀ ਮੌਤ ਹੋ ਗਈ। ਪਹਿਲੇ ਮਾਮਲੇ ’ਚ ਗਿਆਸਪੁਰਾ ਦੇ ਰਹਿਣ ਵਾਲੇ ਸ਼ਿਵ ਯਾਦਵ ਨੇ ਦੱਸਿਆ ਕਿ ਉਸ ਦੀ ਜੀ.ਟੀ.ਰੋਡ ਤੇ ਕੋਕਾ ਕੋਲਾ ਫੈਕਟਰੀ ਕੋਲ ਚਾਹ ਦੀ ਦੁਕਾਨ ਹੈ। ਕਰੀਬ ਰਾਤ ਅੱਠ ਵਜੇ ਇੱਕ ਅਣਪਛਾਤਾ ਵਿਅਕਤੀ ਜੀ.ਟੀ.ਰੋਡ ਕਰਾਸ ਕਰ ਰਿਹਾ ਸੀ ਤਾਂ ਸਾਹਨੇਵਾਲ ਸਾਇਡ ਇੱਕ ਕਿਸੇ ਅਣਪਛਾਤੇ ਟਰੱਕ ਦੇ ਡਰਾਇਵਰ ਨੇ ਅਣਗਿਹਲੀ ਵਰਤਦਿਆਂ ਉਕਤ ਵਿਅਕਤੀ ਵਿੱਚ ਟੱਕਰ ਮਾਰ ਦਿੱਤੀ। ਜਿਸ ਦੌਰਾਨ ਉਹ ਗੰਭੀਰ ਰੂਪ ’ਚ ਜ਼ਖ਼ਮੀ ਹੋ ਜਾਣ ਨਾਲ ਥੱਲੇ ਡਿੱਗ ਪਿਆ। ਵਿਅਕਤੀ ਨੂੰ ਇਲਾਜ ਲਈ ਪੀ.ਜੀ.ਆਈ ਹਸਪਤਾਲ ਪੁੰਹਚਾਇਆ ਗਿਆ। ਜਿਥੇ ਉਹ ਜ਼ੇਰੇ ਇਲਾਜ ਜਖ਼ਮਾਂ ਦੀ ਤਾਅਬ ਨਾ ਝੱਲਦਿਆਂ ਦਮ ਤੋੜ ਗਿਆ। ਇਸ ਸੰਬਧੀ ਉਸ ਨੇ ਥਾਣਾ ਫੋਕਲ ਪੁਆਇੰਟ ਦੀ ਪੁਲਸ ਨੂੰ ਆਪਣੀ ਸ਼ਿਕਾਇਤ ਦਰਜ ਕਰਾ ਦਿੱਤੀ ਹੈ। ਇੱਕ ਹੋਰ ਮਾਮਲੇ ’ਚ ਫ਼ਤਿਹ ਨਗਰ ਲੁਹਾਰਾ ਦੇ ਰਹਿਣ ਵਾਲੇ ਕਰਮ ਸਿੰਘ ਨੇ ਦੱਸਿਆ ਕਿ ਉਸ ਦਾ ਪਿਤਾ ਸਿਕੰਦਰ ਸਿੰਘ ਆਪਣੇ ਮੋਟਰਸਾਈਕਲ ਤੇ ਸਵਾਰ ਹੋ ਕੇ ਜੀ.ਟੀ.ਰੋਡ ਨਹਿਰ ਦੇ ਕੰਡੇ ਜਾ ਰਿਹਾ ਸੀ। ਜਿਵੇਂ ਹੀ ਉਹ ਆਸਾ ਰਾਮ ਦੇ ਡੇਰੇ ਕੋਲ ਪੁਹੰਚੇ ਤਾਂ ਇੱਕ ਅਲਟੋ ਕਾਰ ਦੇ ਡਰਾਈਵਰ ਨੇ ਉਸ ਦੇ ਪਿਤਾ ਦੇ ਮੋਟਰਸਾਈਕਲ ਵਿੱਚ ਅਣਗਿਹਲੀ ਤੇ ਤੇਜ਼ ਰਫ਼ਤਾਰੀ ਵਰਤਦਿਆਂ ਲਿਆ ਕੇ ਫੇਟ ਮਾਰ ਦਿੱਤੀ। ਜਿਸ ਦੌਰਾਨ ਉਸ ਦੇ ਪਿਤਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਜਾਣ ਨਾਲ ਥੱਲੇ ਡਿੱਗ ਪਿਆ। ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਲਿਜਾਦੇ ਸਮੇ ਜਖ਼ਮਾਂ ਦੀ ਤਾਅਬ ਨਾ ਝੱਲਦਿਆਂ ਰਸਤੇ ’ਚ ਹੀ ਦਮ ਤੋੜ ਗਿਆ।

ਤੀਜੇ ਮਾਮਲੇ ’ਚ ਨਿਊ ਵਿਸ਼ਨੂੰ ਪੁਰੀ ਸਾਹਨੇਵਾਲ ਦੇ ਰਹਿਣ ਵਾਲੇ ਵਰਿੰਦਰ ਪਾਂਡੇ ਨੇ ਦੱਸਿਆ ਕਿ ਉਹ ਤੇ ਉਸ ਦਾ ਸਾਥੀ ਸੰਜੇ ਮਿਸ਼ਰਾ ਹਿੰਦੋਸਤਾਨ ਫੈਕਟਰੀ ਸਾਹਨੇਵਾਲ ਨੂੰ ਜਾ ਰਹੇ ਸੀ। ਤਾਂ ਇਸ ਦੌਰਾਨ ਸਵੇਰ ਕ੍ਰੀਬ ਗਿਆਰ੍ਹਾ ਵਜੇ ਜਿਵੇਂ ਹੀ ਉਹ ਗੁਰਦੁਆਰਾ ਸਾਹਿਬ ਕੋਲ ਸਰਵਿਸ ਲਾਇਨ ਤੇ ਪੁਹੰਚੇ ਤਾਂ ਪਿਛੋਂ ਆ ਰਹੇ ਕਿਸੇ ਅਣਪਛਾਤੇ ਟਰੱਕ ਦੇ ਚਾਲਕ ਨੇ ਅਣਗਹਿਲੀ ਵਰਤਦਿਆਂ ਸੰਜੇ ਮਿਸ਼ਰਾ ਨੂੰ ਟੱਕਰ ਮਾਰ ਦਿੱਤੀ। ਵਰਿੰਦਰ ਮੁਤਾਬਕ ਉਕਤ ਹਾਦਸਾ ਇੰਨਾਂ ਜ਼ਬਰਦਸਤ ਸੀ ਕਿ ਉਸ ਦਾ ਸਾਥੀ ਸੰਜੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਜਾਣ ਨਾਲ ਥੱਲੇ ਡਿੱਗ ਪਿਆ। ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਲਿਜਾਦੇ ਸਮੇ ਜਖ਼ਮਾਂ ਦੀ ਤਾਅਬ ਨਾ ਝੱਲਦਿਆਂ ਰਸਤੇ ’ਚ ਹੀ ਦਮ ਤੋੜ ਗਿਆ। ਇਸ ਸੰਬੰਧੀ ਉਸ ਨੇ ਥਾਣਾ ਸਾਹਨੇਵਾਲ ਦੀ ਪੁਲਸ ਨੂੰ ਆਪਣੀ ਸ਼ਿਕਾਇਤ ਦਰਜ ਕਰਵਾ ਦਿੱਤੀ। ਚੌਥੇ ਮਾਮਲੇ ਸੰਬੰਧੀ ਜਾਣਕਾਰੀ ਦਿੰਦਿਆਂ ਅਗਰ ਨਗਰ ਦੇ ਰਹਿਣ ਵਾਲੇ ਰਵੇਗ ਸਿੰਘ ਨੇ ਦੱਸਿਆ ਕਿ ਉਹ ਆਪਣੀ ਹਾਂਡਾ ਇਮੇਜ ਕਾਰ ਵਿੱਚ ਸਵਾਰ ਹੋ ਕੇ ਸਰਾਭਾ ਨਗਰ ਮਾਰਕੀਟ ਵਿਖੇ ਕੁੱਤੇ ਲਈ ਦਵਾਈ ਲੈਣ ਗਿਆ ਸੀ। ਰਵੇਗ ਨੇ ਦੱਸਿਆ ਕਿ ਜਿਵੇਂ ਹੀ ਉਹ ਵੈਲਕਮ ਪੈਲਸ ਕੋਲ ਪਹੁੰਚਾਇਆ ਤਾਂ ਗ਼ਲਤ ਸਾਇਡ ਤੋਂ ਇੱਕ ਐਕਸ.ਯੂ.ਵੀ ਕਾਰ ਆਈ ਜਿਸ ਕਾਰਨ ਉਸ ਦੀ ਗੱਡੀ ਡਿਵਾਈਡਰ ਵਿੱਚ ਵੱਜ ਕੇ ਪਲਟ ਗਈ। ਜਿਸ ਕਾਰਨ ਉਹ ਗੰਭੀਰ ਰੂਪ ’ਚ ਜ਼ਖ਼ਮੀ ਹੋ ਗਿਆ। ਇਸ ਸੰਬੰਧੀ ਉਸ ਨੇ ਥਾਣਾ ਸਰਾਭਾ ਨਗਰ ਦੀ ਪੁਲਸ ਨੂੰ ਆਪਣੀ ਸ਼ਿਕਾਇਤ ਦਰਜ ਕਰਵਾ ਦਿੱਤੀ।

ਨਰੇਗਾ ਮਜ਼ਦੂਰ ਯੂਨੀਅਨ ਵੱਲੋਂ ਧਰਨਾ ਦੇ ਕੇ ਘੱਟੋ-ਘੱਟ 100 ਦਿਨ ਰੁਜ਼ਗਾਰ ਦੇਣ ਦੀ ਮੰਗ

ਜ਼ਿਲਾ ਪ੍ਰੀਸ਼ਦ
ਸ੍ਰੀ ਮੁਕਤਸਰ ਸਾਹਿਬ

ਕੰਮ ਦੀ ਖਾਤਰ ਮੁਜ਼ਾਹਰਾ ਕਰਦੇ ਹੋਏ ਨਰੇਗਾ ਮਜ਼ਦੂਰ।

ਸ੍ਰੀ ਮੁਕਤਸਰ ਸਾਹਿਬ, 16 ਫਰਵਰੀ (ਕੇਐਲ ਮੁਕਸਰੀ) ਨਰੇਗਾ ਮਜ਼ਦੂਰਾਂ ਨੂੰ ਲਗਾਤਾਰ ਕੰਮ ਦੇਣ ਦੀ ਮੰਗ ਨੂੰ ਲੈ ਕੇ ਮਜ਼ਦੂਰ ਯੂਨੀਅਨ ਵੱਲੋਂ ਸਥਾਨਕ ਜ਼ਿਲਾ ਪ੍ਰੀਸ਼ਦ ਦਫ਼ਤਰ ਵਿਖੇ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਆਗੂ ਬਾਜ ਸਿੰਘ ਭੁੱਟੀਵਾਲਾ, ਦਰਸ਼ਨ ਸਿੰਘ, ਕਰਮ ਸਿੰਘ, ਗੁਰਮੇਲ ਸਿੰਘ, ਗਨਸੀ, ਛੋਟਾ ਸਿੰਘ, ਮਨਪ੍ਰੀਤ ਕੌਰ, ਬਿੰਦਰ ਕੌਰ ਤੇ ਸੁਖਜੀਤ ਕੌਰ ਹੋਰਾਂ ਨੇ ਕਿਹਾ ਕਿ ਇਕ ਤਾਂ ਮਹਿੰਗਾਈ ਨੇ ਗਰੀਬਾਂ ਦਾ ਲੱਕ ਤੋੜ ਦਿੱਤਾ ਹੈ ਉਤੋਂ ਸਰਕਾਰ ਨਰੇਗਾ ਐਕਟ ਬਣਾ ਕੇ ਵਾਹ-ਵਾਹ ਤਾਂ ਲੁੱਟ ਰਹੀ ਹੈ ਪਰ ਕੰਮ ਕੋਈ ਦਿੰਦੀ ਨਹੀਂ। ਉਨ੍ਹਾਂ ਦੱਸਿਆ ਕਿ ਪਹਿਲਾਂ ਵੀ ਕਈ ਵਾਰ ਧਰਨੇ ਮੁਜ਼ਾਹਰੇ ਕਰਕੇ ਉਨ੍ਹਾਂ ਨੇ ਮਸਾਂ 25 ਦਿਨ ਦਾ ਕੰਮ ਲਿਆ ਸੀ। ਉਨ੍ਹਾਂ ਪ੍ਰਸ਼ਾਸਨ ਮੂਹਰੇ ਸਵਾਲ ਰੱਖਿਆ ਕਿ ਸਾਲ ਦੇ ਬਾਕੀ 340 ਦਿਨ ਉਹ ਕਿਥੋਂ ਖਾਣ ? ਉਨ੍ਹਾਂ ਕਿਹਾ ਕਿ ਪਿੰਡ ਆਸਾ ਬੁੱਟਰ, ਖਿੜਕੀਆਂ ਵਾਲਾ, ਖੋਖਰ ਅਤੇ ਦੋਦਾ ਦੇ ਕਰੀਬ 500 ਮਜ਼ਦੂਰਾਂ ਨੂੰ ਪਿਛਲ੍ਹੇ ਇਕ ਵਰ੍ਹੇ ’ਚ ਮਹਿਜ਼ 25 ਦਿਨ ਕੰਮ ਮਿਲਿਆ ਹੈ। ਇਹ ਕੰਮ ਵੀ ਤਿੰਨ ਵਾਰੀਆਂ ’ਚ ਦਿੱਤਾ ਗਿਆ ਹੈ। ਹਾਲਾਂ ਕਿ ਮਜ਼ਦੂਰ ਨਿੱਤ ਦਿਹਾੜੀ ਕੰਮ ਦੀ ਖਾਤਰ ਹਾਲ ਦੁਹਾਈ ਪਾਉਂਦੇ ਹਨ। ਪਹਿਲਾਂ ਦੋਦਾ ਤੇ ਹੁਣ ਜ਼ਿਲ੍ਹਾ ਪੱਧਰ ’ਤੇ ਧਰਨਾ ਦਿੰਦਿਆਂ ਮਜ਼ਦੂਰਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਹੈ ਕਿ ਉਨ੍ਹਾਂ ਨੇਮਾਂ ਅਨੁਸਾਰ ਕੰਮ ਦਿੱਤਾ ਜਾਵੇ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਉਨ੍ਹਾਂ ਨੂੰ ਘੱਟੋ- ਘੱਟ 100 ਦਿਨ ਕੰਮ ਦਿੱਤਾ ਜਾਵੇ, ਕੰਮ ਦੀ ਅਦਾਇਗੀ ਤੁਰੰਤ ਕੀਤੀ ਜਾਵੇ, ਕੰਮ ਕਰਨ ਵਾਲੇ ਸਥਾਨ ’ਤੇ ਸੰਦ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਣ ਨਹੀਂ ਤਾਂ ਉਹ ਕਰੜਾ ਸੰਘਰਸ਼ ਵਿੱਢਣ ਵਾਸਤੇ ਮਜ਼ਬੂਰ ਹੋਣਗੇ।

ਦਿਹਾੜੀਦਾਰ ਦੇ ਖਾਤੇ ’ਚੋਂ ਏ. ਟੀ. ਐਮ. ਰਾਹੀਂ 60 ਹਜ਼ਾਰ ਦੀ ਰਕਮ ਕਢਵਾਈ

ਧੀ ਦੇ ਵਿਆਹ ਲਈ ਇੱਕਠੇ ਕੀਤੇ ਸਨ ਪੈਸੇ

ਬੋਹਾ 16 ਫਰਵਰੀ (ਪੱਤਰ ਪ੍ਰੇਰਕ) ਇੱਥੋ ਦੇ ਐਚ. ਡੀ. ਐਫ. ਸੀ. ਬੈਂਕ ਦੇ ਖਾਤਾਧਾਰਕ ਭੋਲਾ ਸਿੰਘ ਪੁੱਤਰ ਬਾਲਾ ਰਾਮ ਬਾਜੀਗਰ ਵਾਸੀ ਵਾਰਡ ਨੰਬਰ ਦੇ ਬੈਂਕ ਵਿਚ ਜਮਾਂ 60 ਹਜ਼ਾਰ ਰੁਪਏ ਦੀ ਰਕਮ ਧੋਖਾਧੜੀ ਰਾਹੀਂ ਏ .ਟੀ ਐਮ ਵਿਚੋਂ ਕਢਵਾਏ ਜਾਣ ਦਾ ਸਮਾਚਾਰ ਹੈ। ਆਪਣੇ ਲਿਖਤੀ ਬਿਆਨ ਵਿਚ ਭੋਲਾ ਸਿੰਘ ਨੇ ਦੱਸਿਆ ਕਿ ਉਹ ਦਿਹਾੜੀਦਾਰ ਤੇ ਅਨਪੜ੍ਹ ਬੰਦਾ ਹੈ। ਉਸ ਨੇ ਆਪਣੀ ਲੜਕੀ ਦੇ ਵਿਆਹ ਵਾਸਤੇ ਬੈਂਕ ਵਿਚ ਛੋਟੀਆਂ ਛੋਟੀਆਂ ਕਿਸ਼ਤਾਂ ਰਾਹੀਂ 60514 ਰੁਪਏ ਜਮ੍ਹਾਂ ਕਰਵਾਏ ਸਨ। ਉਸ ਜਾਣਕਾਰੀ ਦਿੱਤੀ ਕਿ ਕਿ ਉਸ ਨੂੰ ਮੋਬਾਈਲ ਨੰਬਰ 09570845995 ਤੋਂ ਫੋਨ ਆਇਆ ਕਿ ਮੈਂ ਸਥਾਨਕ ਬੈਂਕ ਦਾ ਮੈਨੇਜਰ ਬੋਲਦਾ ਹਾਂ। ਫੋਨ ’ਤੇ ਮੈਨੂੰ ਮੇਰਾ ਏ. ਟੀ. ਐਮ. ਬੰਦ ਹੋਣ ਦੀ ਸੂਚਨਾ ਦਿੱਤੀ ਗਈ ਇਸ ਨੂੰ ਮੁੜ ਚਲਾਉਣ ਲਈ ਮੇਰੇ ਤੋਂ ਏ. ਟੀ. ਐਮ ਕੋਡ ਪੁੱਛਿਆ ਗਿਆ। ਮੈਂ ਧੋਖੇ ਵਿਚ ਆ ਕੇ ਫੋਨ ਕਰਨ ਵਾਲੇ ਨੂੰ ਆਪਣਾ ਏ.ਟੀ.ਐਮ. ਕੋਡ ਦੱਸ ਦਿੱਤਾ। ਮਿਤੀ 14-1-2017 ਤੋਂ16-12017 ਤੱਕ ਵੱਖ-ਵੱਖ ਇੰਟਰੀਆਂ ਰਾਹੀ ਮੇਰੇ ਖਾਤਾ ਨੰਬਰ 50100145273482 ਵਿੱਚੋਂ 59788 ਰੁਪਏ ਦੀ ਰਕਮ ਧੋਖੇ ਨਾਲ ਕਢਵਾ ਲਈ ਗਈ। ਜਦੋਂ ਮੈਨੂੰ ਇਸ ਬਾਰੇ ਪਤਾ ਲੱਗਾ ਤਾਂ ਮੈਂ ਇਸ ਦੀ ਸੂਚਨਾਂ ਬੈਂਕ ਅਧਿਕਾਰੀਆਂ ਨੂੰ ਦਿੱਤੀ। ਭੋਲਾ ਸਿੰਘ ਨੇ ਉਸ ਨਾਲ ਹੋਈ ਧੋਖਾਧੜੀ ਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ ਕਿ ਉਸਨੂੰ ਇਨਸਾਫ ਦਿਵਾਇਆ ਜਾਵੇ। ਉਸ ਕਿਹਾ ਕਿ ਜੇ ਮੇਰੇ ਪੈਸੇ ਵਾਪਸ ਨਾ ਮਿਲੇ ਤਾਂ ਮੇਰੇ ਵਰਗੇ ਗਰੀਬ ਬੰਦੇ ਨੂੰ ਆਪਣੀ ਧੀ ਦਾ ਵਿਆਹ ਕਰਨਾ ਮੁਸ਼ਕਲ ਹੋ ਜਾਵੇਗਾ। ਜਦੋਂ ਇਸ ਸਬੰਧੀ ਬੈਂਕ ਮਨੈਜਰ ਨਵੀਨ ਕੁਮਾਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਹੈ। ਉਨ੍ਹਾਂ ਕਿਹਾ ਕਿ ਖਾਤਾ ਧਾਰਕ ਵੱਲੋਂ ਸ਼ਿਕਾਇਤ ਮਿਲਣ ਤੇ ਉਨ੍ਹਾਂ ਨੂੰ ਥਾਣੇ ਵਿਚ ਐਫ. ਆਈ. ਦਰਜ਼ ਕਰਾਉਣ ਤੇ ਬੈਕ ਕਸਟਮਰ ਕੇਅਰ ਵਿਚ ਸ਼ਿਕਾਇਤ ਕਰਨ ਦਾ ਸੁਝਾਅ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਐਫ. ਆਈ. ਦਰਜ ਹੋਣ ’ਤੇ ਬੈਂਕ ਵੱਲੋਂ ਇਸ ਮਾਮਲੇ ਦੀ ਪੂਰੀ ਪੜਤਾਲ ਕੀਤੀ ਜਾਵੇਗੀ।

ਡਾ. ਦੀਪਿਕਾ ਗਰਗ ਨੂੰ ਵੈਨ ਵਿਚ ਹੀ ਸ.ਫਲ ਡਲਿਵਰੀ ਕਰਵਾਉਣ ਲਈ ਕੀਤਾ ਸਨਮਾਨਿਤ

LIVELIHOOD AND EMPOWERMENT OF
ELDERLY PROGRAMME

ਸ਼ਿਵ ਕੁਮਾਰ ਪ੍ਰਧਾਨ, ਰਜਿੰਦਰ ਗੁਲਾਟੀ ਐਸਐਮਓ ਖੰਨਾ ਤੇ ਗੁਰਸ਼ਰਨਜੀਤ ਸਿੰਘ ਸਕੱਤਰ ਡਾ. ਦੀਪਿਕਾ ਗਰਗ ਨੂੰ ਸਨਮਾਨਿਤ ਕਰਦੇ ਹੋਏ।।

ਖੰਨਾ, 16 ਫਰਵਰੀ (ਕੇ ਐਲ ਸਹਿਗਲ) ਸਿਵਲ ਹਸਪਤਾਲ ਖੰਨਾ ਵਿਚ ਭਗਤ ਪੂਰਨ ਸਿੰਘ ਚੈਰੀਟੇਬਲ ਸੁਸਾਇਟੀ ਖੰਨਾ ਵਲੋਂ ਮਹਿਲਾ ਰੋਗਾਂ ਦੇ ਮਹਿਰ ਡਾ. ਦੀਪਿਕਾ ਗਰਗ ਨੂੰ 107 ਐਬੂਲੈਂਸ ਵਿਚ ਡਿਲੀਵਰੀ ਕਰਕੇ ਮਾਂ ਤੇ ਦੋ ਨਵਜਾਤ ਬੱਚਿਆਂ ਦੀ ਜਾਨ ਬਚਾਉਣ ਲਈ ਸਨਮਾਨਿਤ ਕੀਤਾ ਗਿਆ। ਸ਼ਿਵ ਕੁਮਾਰ ਪ੍ਰਧਾਨ ਭਗਤ ਪੂਰਨ ਸਿੰਘ ਚੈਰੀਟੇਬਲ ਸੁਸਾਇਟੀ ਖੰਨਾ, ਡਾ. ਰਜਿੰਦਰ ਗੁਲਾਟੀ ਐਸ.ਐਮ.ਓ ਖੰਨਾ ਅਤੇ ਗੁਰਸ਼ਰਨਜੀਤ ਸਿੰਘ ਸਕੱਤਰ ਨੇ ਡਾ. ਦੀਪਿਕਾ ਗਰਗ ਨੂੰ ਸਨਮਾਨਿਤ ਕੀਤਾ।

ਵਰਣਨਯੋਗ ਹੈ ਕਿ ਡਾ. ਦੀਪਿਕਾ ਗਰਗ ਨੇ ਪਹਿਲਾਂ ਵੀ ਕਈ ਵਾਰ ਗਰੀਬ ਗਰਭਵਤੀ ਔਰਤਾਂ ਦੀ ਇਸੇ ਤਰ੍ਹਾਂ ਸਹਾਇਤਾ ਕੀਤੀ ਹੈ।

ਸਮਾਜ ’ਚ ਬਰਾਬਰੀ ਦਾ ਹੱਕ ; ਧੀਆਂ ਨੇ ਵੀ ਦਿੱਤਾ ਪਿਓ ਦੀ ਅਰਥੀ ਨੂੰ ਮੋਢਾ

ਜੋਗਿੰਦਰ ਸਿੰਘ ਦੀ ਮ੍ਰਿਤਕ ਦੇਹ ਮੈਡੀਕਲ ਖੋਜਾਂ ਲਈ ਦਾਨ ਕਰਕੇ ਕੀਤੀ ਨਵੀਂ ਮਿਸਾਲ ਪੇਸ਼

ਲੁਧਿਆਣਾ, 16 ਫਰਵਰੀ (ਸਰਬਜੀਤ ਲੁਧਿਆਣਾਵੀ) ਸਮਾਜ ਵਿਚ ਧੀਆਂ ਨੂੰ ਪੁੱਤਰਾਂ ਦੀ ਬਰਾਬਰੀ ਦਾ ਹੱਕ ਦੇਣ ਲਈ ਕੀਤੇ ਜਾ ਰਹੇ ਯਤਨਾਂ ਦੇ ਸਦਕਾ ਅੱਜ ਰੋਜ਼ ਇਨਕਲੇਵ ਸਿਵਲ ਲਾਈਨ ਦੇ ਰਹਿਣ ਵਾਲੇ ਜੋਗਿੰਦਰ ਸਿੰਘ ਦੇ ਮਰਨ ਉਪਰੰਤ ਉਸਦੀਆਂ ਧੀਆਂ ਹਰਪ੍ਰੀਤ ਕੌਰ ਤੇ ਰੁਪਿੰਦਰ ਕੌਰ ਨੇ ਆਪਣੇ ਪਿਤਾ ਦੀ ਅਰਥੀ ਨੂੰ ਮੋਢਾ ਦਿੱਤਾ। ਸਥਾਨਕ ਰੋਜ਼ ਇਨਕਲੇਵ ਸਿਵਲ ਲਾਈਨ ਵਿਖੇ ਰਹਿੰਦੇ ਜੋਗਿੰਦਰ ਸਿੰਘ ਨੇ ਬੀਤੀ ਰਾਤ ਆਖਰੀ ਸਾਹ ਲਿਆ। ਜੋਗਿੰਦਰ ਸਿੰਘ ਦੀ ਮ੍ਰਿਤਕ ਦੇਹ ਨੂੰ ਪਰਿਵਾਰ ਨੇ ਮੈਡੀਕਲ ਖੋਜਾਂ ਲਈ ਦਾਨ ਕਰਕੇ ਨਵੀਂ ਮਿਸਾਲ ਕਾਇਮ ਕੀਤੀ ਹੈ। ਇਸ ਤੋਂ ਪਹਿਲਾਂ ਜੋਗਿੰਦਰ ਸਿੰਘ ਦੀਆਂ ਧੀਆਂ ਹਰਪ੍ਰੀਤ ਕੌਰ, ਰੁਪਿੰਦਰ ਕੌਰ ਅਤੇ ਪੁੱਤਰ ਤਰਨਜੀਤ ਸਿੰਘ ਨੇ ਮੋਢਾ ਦੇ ਕੇ ਮ੍ਰਿਤਕ ਦੇਹ ਨੂੰ ਐਂਬੂਲੈਂਸ ਵਿੱਚ ਰੱਖਿਆ। ਜੋਗਿੰਦਰ ਸਿੰਘ 60 ਸਾਲਾਂ ਦੇ ਸਨ। ਸਥਾਨਕ ਰੋਜ਼ ਇਨਕਲੇਵ ਸਿਵਲ ਲਾਈਨ ਵਿਖੇ ਰਹਿੰਦੇ ਜੋਗਿੰਦਰ ਸਿੰਘ ਨੇ 15 ਫਰਵਰੀ ਦੀ ਰਾਤ ਨੂੰ ਆਖਰੀ ਸਾਹ ਲਿਆ। ਉਨ੍ਹਾਂ ਦੇ ਪੁੱਤਰ ਤਰਨਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਜੋਗਿੰਦਰ ਸਿੰਘ ਦੀ ਇੱਛਾ ਸੀ ਕਿ ਉਸ ਦਾ ਸਰੀਰ ਮੈਡੀਕਲ ਖੋਜਾਂ ਲਈ ਦਾਨ ਕਰ ਦਿੱਤਾ ਜਾਵੇ। ਉਨ੍ਹਾਂ ਨੇ ਜਿਉਂਦੇ ਜੀਅ ਸਰੀਰਦਾਨ ਕਰਨ ਦੇ ਫਾਰਮ ਭਰੇ ਹੋਏ ਸਨ। ਅੱਜ ਉਨ੍ਹਾਂ ਦੀ ਅੰਤਿਮ ਇੱਛਾ ਮੁਤਾਬਕ ਉਨ੍ਹਾਂ ਦੀ ਪਤਨੀ ਬਲਬੀਰ ਕੌਰ ਸਮੇਤ ਹੋਰ ਪਰਿਵਾਰਿਕ ਮੈਂਬਰਾਂ ਨੇ ਉਨ੍ਹਾਂ ਦੀ ਮ੍ਰਿਤਕ ਦੇਹ ਮੈਡੀਕਲ ਖੋਜਾਂ ਲਈ ਦਾਨ ਕਰ ਦਿੱਤੀ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਲੈ ਕੇ ਐਂਬੂਲੈਂਸ ਅੱਜ ਪਠਾਨਕੋਟ ਦੀ ਬੂੰਗਲੀ ਸਥਿਤ ਚਿੰਤਪੂਰਨੀ ਮੈਡੀਕਲ ਕਾਲਜ ਐਂਡ ਹਸਪਤਾਲ ਲਈ ਰਵਾਨਾ ਹੋਈ। ਮ੍ਰਿਤਕ ਦੇਹ ਨੂੰ ਵਿਦਾਇਗੀ ਦੇਣ ਲਈ ਭਾਰੀ ਸੰਖਿਆ ਵਿੱਚ ਰਿਸ਼ਤੇਦਾਰ, ਮੁਹੱਲਾ ਵਾਸੀ ਮੌਜ਼ੂਦ ਸਨ। ਲੋਕਾਂ ਨੇ ‘ਜੋਗਿੰਦਰ ਸਿੰਘ ਅਮਰ ਰਹੇ’ ਦੇ ਨਾਅਰਿਆਂ ਨਾਲ ਅੰਤਿਮ ਵਿਦਾਇਗੀ ਦਿੱਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਰਿਸ਼ਤੇਦਾਰ, ਮੁਹੱਲਾ ਵਾਸੀ ਅਤੇ ਪਰਿਵਾਰਿਕ ਮੈਂਬਰ ਹਾਜ਼ਰ ਸਨ।

ਗਿਰੋਹ ਦੇ ਕਾਬੂ ਕੀਤੇ ਮੈਂਬਰਾਂ ਤੋਂ ਚੋਰੀ ਦਾ ਸਮਾਨ ਬਰਾਮਦ

ਮਾਹਿਲਪੁਰ 16 ਫ਼ਰਵਰੀ (ਰਾਜ ਬਾਵਾ) ਥਾਣਾ ਮਾਹਿਲਪੁਰ ਦੀ ਪੁਲਿਸ ਵਲੋਂ ਚੋਰੀ ਦੇ ਕੇਸ ਵਿਚ ਕਾਬੂ ਕੀਤੇ ਤਿੰਨ ਵਿਅਕਤੀਆਂ ਤੋਂ ਸ਼ਹਿਰ ਵਿਚ ਹੋਈਆਂ ਚੋਰੀਆਂ ਦਾ ਸਮਾਨ ਵੱਡੇ ਪੱਧਰ ਬਰਾਮਦ ਕਰਨ ਵਿਚ ਸਫ਼ਲਤਾ ਹਾਸਿਲ ਕੀਤੀ ਹੈ। ਜਾਣਕਾਰੀ ਅਨੁਸਾਰ ਥਾਣਾ ਮੁਖੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਸ਼ਹਿਰ ਦੇ ਵਾਰਡ ਨੰਬਰ ਦੋ ਵਿਚ ਸਥਿਤ ਬੈਂਕ ਕਾਲੋਨੀ ਵਿਚ ਪਿਛਲੇ ਸਾਲ ਮਨਿੰਦਰ ਕੌਰ ਪਤਨੀ ਚਰਨਜੀਤ ਸਿੰਘ ਦੇ ਘਰ ਅਣਪਛਾਤੇ ਚੋਰਾਂ ਨੇ ਉਸ ਵੇਲੇ ਚੋਰੀ ਕਰ ਲਈ ਸੀ, ਜਦੋਂ ਉਹ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਗਈ ਹੋਈ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਨੇ 457, 380 ਕਾਨੂੰਨ ਦੀ ਧਾਰਾ ਅਧੀਨ ਮਾਮਲਾ ਦਰਜ਼ ਕਰ ਲਿਆ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਇਸ ਚੋਰੀ ਦੇ ਸਬੰਧ ਵਿਚ ਸੁਖਜਿੰਦਰ ਸਿੰਘ ਪੁੱਤਰ ਰਜਿੰਦਰ ਸਿੰਘ ਵਾਸੀ ਜੈਤਪੁਰ, ਅਜੇ ਕੁਮਾਰ ਪੁੱਤਰ ਵਿਜੇ ਕੁਮਾਰ ਵਾਸੀ ਬੰਬੇਲੀ ਅਤੇ ਸੁਖਪ੍ਰੀਤ ਸਿੰਘ ਕਿਸ਼ਨ ਸਿੰਘ ਨੂੰ ਕਾਬੂ ਕੀਤਾ ਸੀ ਜਿਨ੍ਹਾਂ ਨੇ ਪੁੱਛ ਗਿੱਛ ਦੌਰਾਨ ਚੋਰੀ ਦੀ ਘਟਨਾ ਨੂੰ ਕਬੂਲਦੇ ਹੋਏ ਕੰਪਿਊਟਰ, ਬੀ ਡੀ ਓ ਗੇਮ, ਗੈਸ ਸਿਲੰਡਰ, ਮੋਬਾਇਲ ਫ਼ੋਨ, ਅਣਸੀਤੇ ਕੀਮਤੀ ਕੱਪੜੇ ਸਮੇਤ ਚੋਰੀ ਦਾ ਸਾਰਾ ਸਮਾਨ ਬਰਾਮਦ ਕਰ ਲਿਆ। ਉਨ੍ਹਾਂ ਦੱਸਿਆ ਕਿ ਪੁਲਿਸ ਵਲੋਂ ਹੋਰ ਪੁੱਛ ਗਿੱਛ ਜਾਰੀ ਹੈ ਅਤੇ ਹੋਰ ਵੀ ਕਈ ਵਾਰਦਾਤਾਂ ਦਾ ਪਤਾ ਲੱਗਣ ਦੀ ਆਸ ਹੈ।

ਡਿਪਟੀ ਕਮਿਸ਼ਨਰ ਵੱਲੋਂ ਕਰੀਅਰ ਜਾਗਰੂਕਤਾ ਵੈਨ ਨੂੰ ਹਰੀ ਝੰਡੀ

ਜ਼ਿਲ੍ਹੇ ਦੇ ਪੇਂਡੂ ਤੇ ਸ਼ਹਿਰੀ ਖੇਤਰਾਂ ਵਿੱਚ ਪਹੁੰਚੇਗੀ ਜਾਗਰੂਕਤਾ ਵੈਨ

ਜਲੰਧਰ, 16 ਫਰਵਰੀ (ਮਹਿੰਦਰ ਰਾਮ ਫੁਗਲਾਣਾ) ਸਕੂਲੀ ਵਿਦਿਆਰਥੀਆਂ ਨੂੰ ਦੱਸਵੀਂ ਅਤੇ ਬਾਰ੍ਹਵੀਂ ਜਮਾਤ ਤੋਂ ਬਾਅਦ ਉਚੇਰੀ ਵਿੱਦਿਆ ਦੇ ਖੇਤਰਾਂ ਤੇ ਵਿਸ਼ਿਆਂ ਬਾਰੇ ਜਾਗਰੂਕ ਕਰਨ ਲਈ ਅੱਜ ਇਥੇ ਰੁਡਸੈਟ ਸੰਸਥਾ ਵਿਖੇ ਡਿਪਟੀ ਕਮਿਸ਼ਨਰ ਸ੍ਰੀ ਕਮਲ ਕਿਸ਼ੋਰ ਯਾਦਵ ਵੱਲੋਂ ਕਰੀਅਰ ਜਾਗਰੂਕਤਾ ਵੈਨ ਨੂੰ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ ਗਿਆ। ਇਹ ਜਾਗਰੂਕਤਾ ਵੈਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੀ.ਟੀ. ਯੂਨੀਵਰਸਿਟੀ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਗਈ ਹੈ।

ਵੈਨ ਨੂੰ ਰਵਾਨਾ ਕਰਨ ਮੌਕੇ ਸ੍ਰੀ ਯਾਦਵ ਨੇ ਕਿਹਾ ਕਿ ਇਹ ਜਾਗਰੂਕਤਾ ਵੈਨ ਜ਼ਿਲ੍ਹੇ ਦੇ ਪੇਂਡੂ ਤੇ ਸ਼ਹਿਰੀ ਖੇਤਰਾਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਦਸਵੀਂ ਤੇ ਬਾਰ੍ਹਵੀਂ ਜਮਾਤ ਉਪਰੰਤ ਆਰਟਸ, ਤਕਨੀਕੀ, ਮੈਡੀਕਲ ਤੇ ਹੋਰ ਖੇਤਰਾਂ ਦੇ ਕੋਰਸਾਂ ਬਾਰੇ ਜਾਗਰੁਕ ਕਰੇਗੀ। ਉਨ੍ਹਾਂ ਦੱਸਿਆ ਕਿ ਇਸ ਵੈਨ ਨਾਲ ਇਕ ਕਰੀਅਰ ਟੀਚਰ ਵੀ ਰਹੇਗਾ ਜਿਸ ਪਾਸੋਂ ਵਿਦਿਆਰਥੀ ਜਾ ਉਨ੍ਹਾਂ ਦੇ ਮਾਪੇ ਵੱਖ-ਵੱਖ ਕੋਰਸਾਂ ਤੇ ਉਨ੍ਹਾਂ ਵਿਚ ਦਾਖਲਿਆਂ ਦੀ ਪ੍ਰਕ੍ਰਿਆ ਬਾਰੇ ਜਾਣਕਾਰੀ ਲੈ ਸਕਣਗੇ।

ਸ੍ਰੀ ਯਾਦਵ ਨੇ ਕਿਹਾ ਕਿ ਜੇਕਰ ਸਕੂਲੀ ਵਿਦਿਆਰਥੀਆਂ ਨੂੰ ਸਮੇਂ ਸਿਰ ਉਨ੍ਹਾਂ ਦੀ ਦਿਲਚਸਪੀ ਵਾਲੇ ਖੇਤਰਾਂ ਦੀ ਉਚੇਰੀ ਵਿਦਿਆ, ਵੱਖ-ਵੱਖ ਕੋਰਸਾਂ ਬਾਰੇ ਜਾਣਕਾਰੀ ਮਿਲ ਸਕੇ ਤਾਂ ਉਹ ਜੀਵਨ ਵਿੱਚ ਕਿਸੇ ਵੀ ਖੇਤਰ ਵਿੱਚ ਬੁਲੰਦੀਆਂ ਛੋਹ ਸਕਦੇ ਹਨ। ਇਸ ਮੌਕੇ ਜ਼ਿਲ੍ਹਾ ਗਾਈਡੈਂਸ ਕੌਂਸਲਰ ਸੁਰਜੀਤ ਲਾਲ, ਡੀ.ਆਈ.ਓ ਅਮੋਲਕ ਸਿੰਘ ਕਲਸੀ, ਡਾਇਰੈਕਟਰ ਰੁਡਸੈਟ ਜਗਦੀਸ਼ ਕੁਮਾਰ ਤੇ ਹੋਰ ਹਾਜ਼ਰ ਸਨ।

ਪੰਜਾਬ ਵਿਧਾਨ ਸਭਾ ਚੋਣਾਂ : ਹਰੇਕ ਪਾਰਟੀ ਉਮੀਦਵਾਰ ਨੂੰ ਲੱਗ ਰਹੀ ਆਪਣੀ ਜਿੱਤ ਯਕੀਨੀ

ਜਗਰਾਓਂ 16 ਫਰਵਰੀ (ਭੀਮ ਸੈਨ ਸ਼ਰਮਾ/ ਭੂਪਿੰਦਰ ਧਾਲੀਵਾਲ) ਪੰਜਾਬ ਵਿਧਾਨ ਸਭਾ ਚੋਣਾਂ ਦੇ ਉਮੀਦਵਾਰਾਂ ਦੀ ਜਾਨ ਅਤੇ ਸ਼ਾਨ ਵੋਟਰ ਮਸ਼ੀਨਾ ਦੇ ਸੰਕਜੇ ਵਿਚ ਸਹਿਕ ਰਹੀ ਹੈ ਪਰ ਫੇਰ ਵੀ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰ ਆਪਣੇ ਆਪ ਨੂੰ ਜੇਤੂ ਤੇ ਅਗਲੀ ਨਵੀਂ ਸਰਕਾਰ ਦੇ ਵਿਚ ਮੰਤਰੀ ਬਨਣ ਦੀਆਂ ਵਧਾਈਆਂ ਆਪਣੇ ਖੁਸ਼ਾਮਦੀ ਵਰਕਰਾਂ ਤੋਂ ਲੈਣ ਲਈ ਕੋਈ ਕਸਰ ਨਹੀਂ ਛੱਡ ਰਹੇ। ਅਜਿਹਾ ਹੀ ਵਰਤਾਰਾ ਜਗਰਾਓਂ ਵਿਧਾਨ ਸਭਾ ਹਲਕਾ ਜਗਰਾਓਂ ਵਿਚ ਵਾਪਰ ਰਿਹਾ ਹੈ।

ਇਕ ਚੈਨਲ ਵਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਸੰਭਾਵਿਤ ਮੁੱਖ ਮੰਤਰੀ ਉਭਾਰਨ ਤੋਂ ਬਾਅਦ ਦੂਜੇ ਹਲਕੇ ਤੋਂ ਪਰਵਾਸ ਕਰਕੇ ਆਏ ਦਾਖਾ ਤੋਂ ਕਿਸਮਤ ਅਜਮਾਉਣ ਆਏ ਸ਼੍ਰੀ ਮਲਕੀਤ ਸਿੰਘ ਦਾਖਾ ਨੇ ਆਪਣੇ ਸੁਭਚਿੰਤਕਾਂ ਨਾਲ ਮਿਲਕੇ ਸਥਾਨਿਕ ਪਹਿਲਵਾਨ ਦੇ ਢਾਬੇ ਵਿਖੇ ਆਪਣੇ ਹਮਾਇਤੀਆਂ ਦਾ ਇਕੱਠ ਕਰਕੇ ਰਾਜਸੀ ਸ਼ੋਅ ਕੀਤਾ ਜੋ ਮਹਿਜ ਡਰਾਮਾ ਹੀ ਹੋ ਨਿਬੜਿਆ। ਕਿਉਂਜੋ ਪੰਜਾਬ ਕਾਂਗਰਸ ਦੇ ਢਾਂਚੇ ਦੀ ਸੰਜੀਦਗੀ ਖਿਲਰ ਕੇ ਬਾਹਰ ਆ ਗਈ। ਜਦੋਂ ਇਸ ਸਮਾਗਮ ਵਿਚ ਕਾਂਗਰਸ ਦੇ ਨਵ-ਨਿਯੁਕਤ ਜਨਰਲ ਸੱਕਤਰ ਇੰਦਰਜੀਤ ਸਿੰਘ ਗਾਲਿਬ ਨੂੰ ਇਕ ਵਰਕਰ ਨੇ ਥੱਪੜ ਮਾਰ ਦਿੱਤਾ।

ਇਸ ਮੌਕੇ ’ਤੇ ਕਾਂਗਰਸ ਪਾਰਟੀ ਵਲੋਂ ਹਲਕੇ ਦੀ ਉਮੀਦਵਾਰੀ ਕਰ ਰਹੇ ਮਲਕੀਤ ਸਿੰਘ ਦਾਖਾ ਵੀ ਹਾਜ਼ਰ ਸਨ ਪਰ ਉਹ ਅਗਾਂਊਂ ਵਧਾਈਆਂ ਲੈਣ ਵਿਚ ਮਸ਼ਰੂਫ ਸਨ। ਉਨ੍ਹਾਂ ਦੇ ਹਮਾਇਤੀ ਕਰਨਲ ਭਾਗ ਸਿੰਘ ਨੇ ਇਸ ਧੰਨਵਾਦ ਸਮਾਗਮ ਵਿਚ ਇਥੋਂ ਤੱਕ ਕਹਿ ਦਿੱਤਾ ਕਿ ਸ਼੍ਰੀ ਦਾਖਾ ਦੀ ਜਿੱਤ ਤਾਂ ਯਕੀਨੀ ਹੈ, ਸਿਰਫ 11 ਮਾਰਚ ਨੂੰ ਐਲਾਨ ਹੋਣਾ ਹੀ ਬਾਕੀ ਹੈ। ਹੋਰ ਹਮਾਇਤੀਆਂ ਨੇ ਤਾਂ ਇਸ ਤੋਂ ਅਗੇ ਜਾ ਕੇ ਕਿਹਾ ਕਿ ਕੈਪਟਨ ਦੇ ਮੁੱਖ ਮੰਤਰੀ ਬਣਨ ਤੇ ਮਲਕੀਤ ਸਿੰਘ ਦਾਖਾ ਦਾ ਉਨ੍ਹਾਂ ਦਾ ਮੰਤਰੀ ਬਣਨਾਂ ਪੱਕਾ ਹੈ। ਇਨ੍ਹਾਂ ਲੋਕਾਂ ਦੇ ਘੇਰੇ ਵਿਚ ਘਿਰਿਆ ਮਲਕੀਤ ਸਿੰਘ ਦਾਖਾ ਸੱਚੀ-ਮੁੱਚੀ ਆਪਣੇ ਆਪ ਨੂੰ ਮੰਤਰੀ ਬਣਿਆ ਮਹਿਸੂਸ ਕਰ ਰਿਹਾ ਸੀ। ਇਸ ਮੌਕੇ ਸ਼੍ਰੀ ਦਾਖਾ ਨੇ ਕਾਂਗਰਸੀ ਵਰਕਰਾਂ ਨੂੰ ਮਿਲ ਕੇ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਜਗਰਾਵਾਂ ਵਾਲਿਆਂ ਦਾ ਤਹਿਦਿਲੋਂ ਧੰਨਵਾਦੀ ਅਤੇ ਕਰਜ਼ਦਾਰ ਹੈ। ਸਰਕਾਰ ਬਣਨ ਤੇ ਇਹ ਕਰਜ਼ਾ ਉਹ ਜਰੂਰ ਉਤਾਰੇਗਾ। ਇਸ ਮੌਕੇ ਕਾਂਗਰਸ ਦੇ ਜਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਲਾਪਰਾਂ, ਯੂਥ ਆਗੂ ਸੋਨੀ ਗਾਲਿਬ ਵਿਕਰਮ ਸ਼ਰਮਾ ਨੋਟਰੀ ਪਬਲਿਕ, ਸਤਿੰਦਰ ਪਾਲ ਸਿੰਘ, ਕਾਕਾ ਗਰੇਵਾਲ, ਬਲਾਕ ਪ੍ਰਧਾਨ ਗੋਪਾਲ ਸ਼ਰਮਾਂ, ਸਾਬਕਾ ਪ੍ਰਧਾਨ ਰਾਕੇਸ਼ ਰੋਡਾ, ਕੌਂਸਲਰ ਕਰਮਜੀਤ ਸਿੰਘ ਕੈਂਥ, ਜਗਜੀਤ ਸਿੰਘ ਕਾਉਂਕੇ, ਮੰਗਤ ਰਾਏ ਪਹਿਲਵਾਨ, ਰਵਿੰਦਰ ਪਾਲ ਰਾਜੂ , ਮਨਜੀਤ ਸਿੰਘ ਹੰਬੜਾ, ਜਗਜੀਤ ਸਿੰਘ ਡਾਗੀਆਂ, ਰਵਿੰਦਰ ਸਭਰਵਾਲ, ਸਾਜਨ ਮਲਹੋਤਰਾ ਅਤੇ ਗੁਰਵਿੰਦਰ ਸਿੰਘ ਸਦਰਪੁਰਾ ਆਦਿ ਕਾਫੀ ਗਿਣਤੀ ਵਿਚ ਵਰਕਰ ਹਾਜ਼ਰ ਸਨ।

ਆਮ ਆਦਮੀ ਪਾਰਟੀ ਦੇ ਉਮੀਦਵਾਰ ਨਾਲ ਸੰਪਰਕ ਕਰਨ ਤੇ ਉਨ੍ਹਾਂ ਪੂਰੇ ਯਕੀਨ ਨਾਲ ਕਿਹਾ ਕਿ ਸਾਡੀ ਪਾਰਟੀ ਦੀ ਜਿੱਤ ਪੰਜਾਬ ਦੇ ਵੋਟਰਾਂ ਨੇ ਯਕੀਨੀ ਬਣਾ ਦਿੱਤੀ ਹੈ ਅਤੇ ਮੈਂ ਆਪਣੀ ਸੀਟ ਜਿੱਤ ਕੇ ਸ੍ਰੀ ਕੇਜ਼ਰੀਵਾਲ ਦੀ ਝੋਲੀ ਪਾਵਾਂਗੀ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਸਮੇਂ ਪਾਰਟੀ ਦੇ ਹੱਥ ਮਜ਼ਬੂਤ ਕਰਾਂਗੀ ਆਪਣੇ ਵਰਕਰਾਂ, ਵੋਟਰਾਂ ਅਤੇ ਆਮ ਜਨਤਾ ਦੀ ਸੇਵਾ ਕਰਾਂਗੀ।

BCL Industries & Infrastructures Limited
Regd. Office: Hazi Rattan Link Road, P. Box No. 71, Bathinda- 151 005
CIN: L24231PB1976PLC003624

STATEMENT OF UN-AUDITED FINANCIAL RESULTS FOR THE QUARTER AND NINE MONTHS ENDED 31ST DECEMBER, 2016

(Rs. in Lacs)

Sr. No.	Particulars (Refer notes below)	3 Months Ended 31st December 2016 (Un-audited)	Preceding 3 Months Ended 30th September 2016 (Un-audited)	Corresponding 3 Months Ended 31st December 2015 (Un-audited)	9 Months Ended 31st December 2016 (Un-audited)	9 Months Ended 31st December 2015 (Un-audited)	Twelve Months Ended 31st March 2016 (Audited)
1.	**Income from operations**						
	a) Net Sales / Income from Operations (Net of excise duty)	18291.38	13127.28	15811.87	44413.98	38210.72	52781.69
	b) Other Operating Income	--	--	--	--	--	--
	Total Income from operations (net)	**18291.38**	**13127.28**	**15811.87**	**44413.98**	**38210.72**	**52781.69**
2.	**Expenses**						
	a) Cost of Material Consumed	13260.43	12055.49	12546.03	34883.80	26737.99	38544.27
	b) Purchase of Stock in Trade	--	--	--	--	--	--
	c) Changes in Inventories of Finished Goods, Work-in-progress and Stock in Trade	747.85	(1877.92)	(1979.20)	(1440.48)	361.60	(957.20)
	d) Employee Benefits Expenses	213.30	194.45	162.95	592.45	515.77	716.25
	e) Depreciation and Amortization Expenses	168.57	150.79	185.18	513.01	594.92	777.86
	f) Other Expenses	2854.05	1604.88	3973.18	7301.49	8782.14	11921.10
	Total Expenses	**17244.20**	**12127.69**	**14888.14**	**41850.27**	**36992.42**	**51002.28**
3.	**Profit / (Loss) from Operations before Other Income, Finance Costs and Exceptional Items (1-2)**	**1047.18**	**999.59**	**923.73**	**2563.71**	**1218.30**	**1779.41**
4.	Other Income	105.88	106.07	168.69	315.45	398.87	504.80
5.	**Profit / (Loss) from Ordinary Activities before Finance Costs and Exceptional Items (3±4)**	**1153.06**	**1105.66**	**1092.42**	**2879.16**	**1617.17**	**2284.21**
6.	Finance Costs	645.61	818.32	470.32	1799.17	1082.31	1400.82
7.	**Profit / (Loss) from Ordinary Activities after Finance Costs but before Exceptional Items (5±6)**	**507.45**	**287.34**	**622.10**	**1079.99**	**534.86**	**883.39**
8.	Exceptional Items	--	--	--	--	--	--
9.	**Profit / (Loss) from Ordinary Activities before Tax (7±8)**	**507.45**	**287.34**	**622.10**	**1079.99**	**534.86**	**883.39**
10.	Tax Expense						
	Current Tax	100.00	25.00	100.00	150.00	100.00	175.00
	Deferred Tax	--	--	--	--	--	18.20
	Previous Period Taxes	--	--	--	--	--	44.77
11.	**Net Profit / (Loss) from Ordinary Activities after Tax (9±10)**	**407.45**	**262.34**	**522.10**	**929.99**	**434.86**	**645.42**
12.	Extraordinary Items (Net of Tax Expense)	--	--	--	--	--	--
13.	Net Profit / (Loss) for the Period (11±12)	407.45	262.34	522.10	929.99	434.86	645.42
14.	Paid-up Equity Share Capital (Face Value of Rs. 10/- per Share)	1415.00	1415.00	1415.00	1415.00	1415.00	1415.00
15.	Reserve Excluding Revaluation Reserves as per Balance Sheet of Previous Accounting Year.	--	--	--	--	--	7457.79
16i	Earning Per Share (Before Extraordinary Items)						
	a) Basic	2.88	1.85	3.69	6.57	3.07	4.56
	b) Diluted	2.88	1.85	3.69	6.57	3.07	4.56
16ii	Earning Per Share (After Extraordinary Items)						
	a) Basic	2.88	1.85	3.69	6.57	3.07	4.56
	b) Diluted	2.88	1.85	3.69	6.57	3.07	4.56

INFORMATION FOR THE QUARTER & NINE MONTHS ENDED 31/12/2016

	Particulars	3 Months Ended 31st December 2016 (Un-audited)	Preceding 3 Months Ended 30th September 2016 (Un-audited)	Corresponding 3 Months Ended 31st December 2015 (Un-audited)	9 Months Ended 31st December 2016 (Un-audited)	9 Months Ended 31st December 2015 (Un-audited)	Twelve Months Ended 31st March 2016 (Audited)
A	**PARTICULARS OF SHAREHOLDING**						
1.	**Public Shareholding:-**						
	- No. of Shares	6931173	6931173	7638173	6931173	7638173	7638173
	- Percentage of Shareholding	48.98%	48.98%	53.98%	48.98%	53.98%	53.98%
2.	**Promoters and Promoter Group Shareholding:-**						
	a) Pledged / Encumbered						
	- Number of Shares	NIL	NIL	NIL	NIL	NIL	NIL
	- Percentage of Shares (as a % of the Total Shareholding of Promoter Group)	NIL	NIL	NIL	NIL	NIL	NIL
	- Percentage of Shares (as a % of the Total Share Capital of the Company)	NIL	NIL	NIL	NIL	NIL	NIL
	b) Non-encumbered						
	- Number of Shares	7218827	7218827	6511827	7218827	6511827	6511827
	- Percentage of Shares (as a % of the Total Shareholding of Promoter and Promoter Group)	100%	100%	100%	100%	100%	100%
	- Percentage of Shares (as a % of the Total Share Capital of the Company)	51.02%	51.02%	46.02%	51.02%	46.02%	46.02%

	Particulars	3 Months Ended 31st December, 2016
B	**INVESTOR COMPLAINTS**	
	Pending at the Beginning of the Quarter	--
	Received during the Quarter	--
	Disposed of during the Quarter	--
	Remaining Unresolved at the End of the Quarter	--

UNAUDITED SEGMENT-WISE REVENUE, RESULTS AND CAPITAL EMPLOYED FOR THE QUARTER AND NINE MONTHS ENDED 31ST DECEMBER, 2016

(Rs. in Lacs)

Sr. No.	Particulars (Refer notes below)	3 Months Ended 31st December 2016 (Un-audited)	Preceding 3 Months Ended 30th September 2016 (Un-audited)	Corresponding 3 Months Ended 31st December 2015 (Un-audited)	9 Months Ended 31st December 2016 (Un-audited)	9 Months Ended 31st December 2015 (Un-audited)	Twelve Months Ended 31st March 2016 (Audited)
1.	**Segment Revenue**						
	(Net of Excise Duty)						
	a) Oil & Vanaspati	12173.98	7754.77	7733.81	27516.23	20150.65	28849.37
	b) Distillery	5925.65	5325.02	7321.45	16600.09	17012.10	22817.01
	c) Real Estates	191.75	47.49	756.61	297.66	1047.97	1115.31
	Total	**18291.38**	**13127.28**	**15811.87**	**44413.98**	**38210.72**	**52781.69**
	Less: Inter Segment revenue	--	--	--	--	--	--
	Net Sales / Income from Operations	**18291.38**	**13127.28**	**15811.87**	**44413.98**	**38210.72**	**52781.69**
2.	**Segment Results**						
	(Profit) (+) / (Loss) (-) before Finance Cost, Tax & Un-allocated Overheads)						
	a) Oil & Vanaspati	783.56	739.26	480.01	1839.78	267.90	466.15
	b) Segment - Distillery	478.72	507.47	583.87	1455.19	1658.31	2296.92
	c) Segment - Real Estates	59.35	9.72	213.72	97.20	285.88	299.00
	Total	**1321.63**	**1256.45**	**1277.60**	**3392.17**	**2212.09**	**3062.07**
	Less:						
	Depreciation & Amortization	168.57	150.79	185.18	513.01	594.92	777.86
	Finance Cost	645.61	818.32	470.32	1799.17	1082.31	1400.82
	Other Un-allocable Expenditure (Net of Un-allocable Income)	--	--	--	--	--	--
	Total Profit (+) / Loss (-) before Tax	**507.45**	**287.34**	**622.10**	**1079.99**	**534.86**	**883.39**
3.	**Capital Employed**						
	a) Oil & Vanaspati	1211.86	1183.92	1070.45	1211.86	1070.45	849.59
	b) Segment - Distillery	5725.75	5144.88	4535.75	5725.75	4535.75	4800.75
	c) Segment - Real Estates	2916.32	3166.32	3208.69	2916.32	3208.69	3273.60
	Total	**9853.93**	**9495.12**	**8814.89**	**9853.93**	**8814.89**	**8923.94**

NOTE:
1. The above results have been reviewed by the Audit Committee and approved by the Board of Directors at their Meeting held on Tuesday, 14th February, 2017 at 5.30 PM at its Regd. Office.
2. No investor complaint remains pending at the Quarter ending 31.12.2016.
3. Figures of the previous years/quarter have been regrouped/rearranged/recasted wherever considered necessary.
4. The statutory auditor of the company have carried out "Limited Review" of the Financial Result of the quarter in terms of Regulation 33 of SEBI (Listing Obligations & Disclosures Requirement) Regulation, 2015. There are no qualification in the Limited Review Report.

Dated : 14th February, 2017
Place : Bathinda

For and on behalf of the Board of Directors
Sd/-
(S.N. Goyal)
Whole Time Director